Punjabi (ਪੰਜਾਬੀ)

# 2 ਤੋਂ 17 ਸਾਲ ਦੇ ਬੱਚਿਆਂ ਲਈ ਮੁਫ਼ਤ ਨੱਕ ਰਾਹੀਂ ਸਪ੍ਰੇਅ ਵਾਲਾ ਫ਼ਲੂਅ ਦਾ ਟੀਕਾਕਰਨ



**ਜੇਕਰ ਤੁਹਾਡਾ ਬੱਚਾ 2 ਤੋਂ 17 ਸਾਲ ਦਾ ਹੈ (18 ਸਾਲ ਦੇ ਹੋਣ ਤੋਂ ਪਹਿਲਾਂ), ਤਾਂ ਹੁਣ ਉਸਨੂੰ ਟੀਕੇ ਰਾਹੀਂ ਵੈਕਸੀਨ ਲਗਵਾਉਣ ਦੀ ਬਜਾਏ ਨੱਕ ਰਾਹੀਂ ਸਪ੍ਰੇਅ ਵਾਲੀ ਵੈਕਸੀਨ ਰਾਹੀਂ ਟੀਕਾਕਰਨ ਕਰਵਾਇਆ ਜਾ ਸਕਦਾ ਹੈ।**

ਨੱਕ ਰਾਹੀਂ ਦਿੱਤਾ ਜਾਣ ਵਾਲਾ ਸਪ੍ਰੇਅ ਵਾਲਾ ਇਹ ਟੀਕਾਕਰਨ ਅਮਰੀਕਾ ਅਤੇ ਯੂਕੇ ਵਰਗੇ ਦੇਸ਼ਾਂ ਵਿੱਚ 10 ਸਾਲ ਤੋਂ ਵੀ ਵੱਧ ਸਮੇਂ ਤੋਂ ਵਰਤਿਆ ਜਾ ਰਿਹਾ ਹੈ ਅਤੇ ਇਹ ਲੱਖਾਂ ਬੱਚਿਆਂ ਨੂੰ ਦਿੱਤਾ ਜਾ ਚੁੱਕਾ ਹੈ।

## ਨੱਕ ਰਾਹੀਂ ਦਿੱਤਾ ਜਾਣ ਵਾਲਾ ਸਪ੍ਰੇਅ ਵਾਲਾ ਫ਼ਲੂਅ ਦਾ ਟੀਕਾ ਕਿਵੇਂ ਕੰਮ ਕਰਦਾ ਹੈ

- ਇਸ ਟੀਕੇ ਨੂੰ ਨੱਕ ਦੀਆਂ ਦੋਨੋਂ ਨਾਸਾਂ ਵਿੱਚ ਸਪ੍ਰੇਅ ਕੀਤਾ ਜਾਂਦਾ ਹੈ।
- ਇਹ ਨੱਕ ਵਿੱਚ ਤੇਜ਼ੀ ਨਾਲ ਕੰਮ ਕਰਦਾ ਹੈ, ਇਸ ਲਈ ਜੇਕਰ ਤੁਹਾਡਾ ਬੱਚਾ ਬਾਅਦ ਵਿੱਚ ਛਿੱਕ ਵੀ ਮਾਰ ਦੇਵੇ ਤਾਂ ਵੀ ਇਹ ਪ੍ਰਭਾਵਸ਼ਾਲੀ ਰਹਿੰਦਾ ਹੈ।
- ਇਸ ਵਿੱਚ ਕਮਜ਼ੋਰ ਕੀਤਾ ਗਿਆ ਵਾਇਰਸ ਥੋੜ੍ਹੀ ਜਿਹੀ ਮਾਤਰਾ ਵਿੱਚ ਹੁੰਦਾ ਹੈ, ਅਤੇ ਇਹ ਤੁਹਾਡੇ ਬੱਚੇ ਦੇ ਸਰੀਰ ਨੂੰ ਬਿਮਾਰ ਕੀਤੇ ਬਿਨਾਂ ਫ਼ਲੂਅ ਨਾਲ ਲੜਨਾ ਸਿਖਾਉਂਦਾ ਹੈ।
- ਨੱਕ ਰਾਹੀਂ ਦਿੱਤਾ ਜਾਣ ਵਾਲਾ ਸਪ੍ਰੇਅ ਵਾਲਾ ਫ਼ਲੂਅ ਦਾ ਟੀਕਾਕਰਨ, ਸੂਈ ਵਾਲੇ ਫ਼ਲੂਅ ਦੇ ਟੀਕੇ ਜਿੰਨਾ ਹੀ ਪ੍ਰਭਾਵਸ਼ਾਲੀ ਹੈ।
- ਬਾਕੀ ਸਾਰੇ ਫ਼ਲੂਅ ਦੇ ਟੀਕਿਆਂ ਵਾਂਗ, ਇਸਨੂੰ ਹਰ ਸਾਲ ਸੁਧਾਰਿਆ ਜਾਂਦਾ ਹੈ, ਇਸ ਲਈ ਬੱਚਿਆਂ ਨੂੰ ਹਰ ਸਾਲ ਇੱਕ ਖ਼ੁਰਾਕ ਦੀ ਲੋੜ ਹੁੰਦੀ ਹੈ।

## ਮਾੜੇ ਪ੍ਰਭਾਵ

ਜ਼ਿਆਦਾਤਰ ਮਾੜੇ ਪ੍ਰਭਾਵ ਹਲਕੇ ਅਤੇ ਅਸਥਾਈ ਹੁੰਦੇ ਹਨ।

- ਬੱਚਿਆਂ ਨੂੰ ਇਹ ਹੋ ਸਕਦੇ ਹਨ:
- ਨੱਕ ਵਗਣਾ ਜਾਂ ਬੰਦ ਹੋਣਾ
- ਹਲਕਾ ਸਿਰਦਰਦ ਹੋਣਾ
- ਥਕਾਵਟ ਮਹਿਸੂਸ ਹੋਣਾ
- ਆਮ ਤੋਂ ਘੱਟ ਖਾਣਾ।

ਗੰਭੀਰ ਮਾੜੇ ਪ੍ਰਭਾਵ, ਜਿਵੇਂ ਕਿ ਐਨਾਫਾਈਲੈਕਸਿਸ (ਗੰਭੀਰ ਐਲਰਜੀ ਪ੍ਰਤੀਕਿਰਿਆ), ਬਹੁਤ ਘੱਟ ਹੁੰਦੇ ਹਨ।

ਕੁੱਝ ਡਾਕਟਰੀ ਸਮੱਸਿਆਵਾਂ ਵਾਲੇ ਬੱਚਿਆਂ ਨੂੰ ਨੱਕ ਰਾਹੀਂ ਦਿੱਤਾ ਜਾਣ ਵਾਲਾ ਸਪ੍ਰੇਅ ਵਾਲਾ ਫ਼ਲੂਅ ਦਾ ਟੀਕਾਕਰਨ ਨਹੀਂ ਕੀਤਾ ਜਾ ਸਕਦਾ, ਪਰ ਉਨ੍ਹਾਂ ਨੂੰ ਇਸਦੀ ਬਜਾਏ ਸੂਈ ਵਾਲਾ ਟੀਕਾ ਲਗਾਇਆ ਜਾ ਸਕਦਾ ਹੈ।ਤੁਹਾਡਾ GP, ਫਾਰਮਾਸਿਸਟ ਜਾਂ ਟੀਕਾਕਰਨ ਪ੍ਰਦਾਤਾ, ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਤਰੀਕੇ ਬਾਰੇ ਜਾਣਦਾ ਹੋਵੇਗਾ।

## ਇਹ ਕੌਣ ਲਗਵਾ ਸਕਦਾ ਹੈ?

- ਨੱਕ ਰਾਹੀਂ ਦਿੱਤਾ ਜਾਣ ਵਾਲਾ ਸਪ੍ਰੇਅ ਵਾਲਾ ਫ਼ਲੂਅ ਦਾ ਟੀਕਾ 2, 3, 4 ਅਤੇ 5 ਸਾਲ ਦੇ ਬੱਚਿਆਂ ਲਈ (**6 ਸਾਲ ਦੇ ਹੋਣ ਤੋਂ ਪਹਿਲਾਂ**) ਮੁਫ਼ਤ ਹੈ। ਇਸ ਉਮਰ ਦੇ ਬੱਚਿਆਂ ਵਿੱਚ ਫ਼ਲੂਅ ਕਾਰਨ ਸਮੱਸਿਆਵਾਂ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ ਅਤੇ ਉਹ ਇਹ ਹੋਰਾਂ ਵਿੱਚ ਆਸਾਨੀ ਨਾਲ ਫ਼ੈਲਾਅ ਸਕਦੇ ਹਨ।
- ਇਹ 6 ਤੋਂ 17 ਸਾਲ ਦੀ ਉਮਰ (**18 ਸਾਲ ਦੇ ਹੋਣ ਤੋਂ ਪਹਿਲਾਂ**) ਦੇ ਬੱਚਿਆਂ ਲਈ ਵੀ ਉਪਲਬਧ ਹੈ ਜੋ ਸੂਈਆਂ ਤੋਂ ਡਰਦੇ ਹਨ।
- ਫ਼ਲੂਅ ਦਾ ਸੂਈ ਵਾਲਾ ਟੀਕਾ ਅਜੇ ਵੀ ਸਭ ਲਈ ਮੁਫ਼ਤ ਹੈ।
- ਨੱਕ ਰਾਹੀਂ ਦਿੱਤੇ ਜਾਣ ਵਾਲੇ ਸਪ੍ਰੇਅ ਵਾਲੇ ਫ਼ਲੂਅ ਦੇ ਟੀਕੇ ਵਿੱਚ ਸੂਰ ਤੋਂ ਬਣੇ ਉਤਪਾਦ (ਪੋਰਸਾਈਨ ਜੈਲਾਟਿਨ) ਹੁੰਦੇ ਹਨ। ਨੱਕ ਰਾਹੀਂ ਦਿੱਤੇ ਜਾਣ ਵਾਲੇ ਸਪ੍ਰੇਅ ਵਾਲੇ ਫ਼ਲੂਅ ਦੇ ਟੀਕਾਕਰਨ ਬਾਰੇ ਧਾਰਮਿਕ ਸਲਾਹ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਬੱਚੇ ਲਈ ਕਿਹੜਾ ਟੀਕਾਕਰਨ ਠੀਕ ਹੈ, ਇਸ ਬਾਰੇ ਫ਼ੈਸਲਾ ਕਰਦੇ ਸਮੇਂ ਤੁਸੀਂ ਆਪਣੇ ਸਿਹਤ ਮਾਹਿਰ ਅਤੇ ਧਾਰਮਿਕ ਆਗੂ ਨਾਲ ਗੱਲ ਕਰ ਸਕਦੇ ਹੋ।

## ਟੀਕਾਕਰਨ ਕਿੱਥੇ ਕਰਵਾਇਆ ਜਾ ਸਕਦਾ ਹੈ?

ਤੁਹਾਡਾ ਬੱਚਾ ਇੱਥੇ ਟੀਕਾਕਰਨ ਕਰਵਾ ਸਕਦਾ ਹੈ:

- GP (ਜਨਰਲ ਪ੍ਰੈਕਟੀਸ਼ਨਰ)
- ਫਾਰਮੇਸੀ
- ਕਮਿਊਨਿਟੀ ਹੈਲਥ ਕਲੀਨਿਕ
- ਐਬੋਰਿਜਨਲ ਅਤੇ ਟੋਰੈੱਸ ਸਟ੍ਰੇਟ ਆਈਲੈਂਡਰ ਕਮਿਊਨਿਟੀ ਕੰਟਰੋਲਡ ਹੈਲਥ ਸਰਵਿਸ।

ਫ਼ਲੂਅ ਦਾ ਟੀਕਾ ਲਗਵਾਉਣ ਲਈ ਮੈਡੀਕੇਅਰ ਕਾਰਡ ਦੀ ਲੋੜ ਨਹੀਂ ਹੈ। ਕੁੱਝ GP ਸਲਾਹ-ਮਸ਼ਵਰੇ ਦੀ ਫ਼ੀਸ ਲੈ ਸਕਦੇ ਹਨ।

ਬੱਚੇ ਇਹ ਟੀਕਾ ਹੋਰ ਨਿਯਮਿਤ ਬਚਪਨ ਵਾਲੇ ਟੀਕਿਆਂ ਦੇ ਨਾਲ ਇੱਕੋ ਸਮੇਂ ਲਗਵਾ ਸਕਦੇ ਹਨ।

**ਆਓ, ਜੋ ਮਾਇਨੇ ਰੱਖਦਾ ਹੈ, ਉਸ ਦੀ ਰੱਖਿਆ ਕਰੀਏ।**

ਤੁਸੀਂ '**flu facts qld**' ਖੋਜ ਕੇ ਜਾਂ ਇਸ QR ਕੋਡ ਦੀ ਵਰਤੋਂ ਕਰਕੇ ਮੁਫ਼ਤ ਫ਼ਲੂ ਦੇ ਟੀਕੇ ਅਤੇ ਆਪਣੀ ਭਾਸ਼ਾ ਵਿੱਚ ਉਪਲਬਧ ਜਾਣਕਾਰੀ ਬਾਰੇ ਹੋਰ ਜਾਣ ਸਕਦੇ ਹੋ।